2026105498
18/8/2026
ਜੀ-1

# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ

## ਸਮੱਗਰਾ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜ਼ਿਲ, ਈ-ਬਲਾਕ, ਸਿੱਖਿਆ ਭਵਨ, ਫੇਜ਼-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ (160062)
ਵੈਬਸਾਇਟ www.ssapunjab.org, ਈ-ਮੇਲ: jedpunjabssa@gmail.com, ਫੋਨ ਨੰ. 0172-5212613, 5212324

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੰ./ਐ.ਸਿੰ.)
ਪੰਜਾਬ।

ਮੀਮੋ ਨੰ.ਆਈ.ਈ.ਡੀ./ਸਸਅ/(998440)/2026/ਏ1੩੪੬੦੨ ਮਿਤੀ : 13-08-੨੦੨੬

ਵਿਸ਼ਾ :- **Implementation of PRASHAST App 2.0 and conduct of 100% screening of students by September, 2026.**

1. ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2. ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਰਤ ਸਰਕਾਰ ਦੇ ਪੱਤਰ ਨੰ. F. No. 9-6/2024-1S. 18 ਮਿਤੀ 08.06.2026 ਰਾਹੀਂ ਸਮੂਹ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀਆਂ ਵਿਸ਼ੇਸ ਲੋੜਾਂ ਦੀ ਸ਼ਨਾਖਤ, 100% (screening), PRASHAST App 2.0 ਵਰਜਨ ਅਧੀਨ ਮਹੀਨਾ ਸਤੰਬਰ 2026 ਤੱਕ ਕਰਨੀ ਲਾਜ਼ਮੀ ਹੈ।

3. ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ PRASHAST App 2.0 ਅਧੀਨ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੇ ਨਾਲ-ਨਾਲ ਪ੍ਰਾਇਵੇਟ ਅਤੇ ਏਡੀਡ ਸਕੂਲਾਂ ਦੇ ਬੱਚਿਆਂ ਦੀ screening ਵੀ ਕੀਤੀ ਜਾਵੇ।

4. PRASHAST App 2.0 ਰਾਹੀਂ ਕੀਤੀ ਜਾਣ ਵਾਲੀ screening ਸਬੰਧੀ ਪ੍ਰਾਇਵੇਟ ਅਤੇ ਏਡੀਡ ਸਕੂਲਾਂ ਦੇ ਮੁੱਖੀਆਂ/ ਅਧਿਆਪਕਾਂ ਨੂੰ Google Play Store ਤੇ ਉਪਲਬਧ ਐਪ ਡਾਊਨਲੋਡ ਕਰਵਾਈ ਜਾਵੇ।

5. PRASHAST App ਰਾਹੀਂ ਪਹਿਲੀ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਸਮੂਹ ਵਿਦਿਆਰਥੀਆਂ ਦੀ ਵਿਸ਼ੇਸ਼ ਲੋੜਾਂ ਸਬੰਧੀ ਸ਼ਨਾਖਤ ਕੀਤੀ ਜਾਣੀ ਹੈ।

6. ਸਕੂਲ ਵਿੱਚ ਪੜ੍ਹ ਰਹੇ ਉਹਨਾਂ ਵਿਸ਼ੇਸ਼ ਲੋੜਾਂ ਵਾਲੇ (ਦਿਵਿਯਾਂਗ) ਬੱਚਿਆਂ ਦੀ screening ਨਹੀਂ ਕੀਤੀ ਜਾਵੇਗੀ, ਜਿਹਨਾਂ ਕੋਲ UDID Card ਜਾਂ Disability ਸਰਟੀਫਿਕੇਟ ਉਪਲਬਧ ਹਨ।

7. ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀ screening ਸਬੰਧੀ U-DISE ਨੰਬਰ ਅਧੀਨ ਅਧਿਆਪਕਾਂ ਦੀ Profile ਬਣਾਈ ਜਾਣੀ ਹੈ ਤਾਂ ਜੋ ਜਮਾਤ ਅਨੁਸਾਰ ਬੱਚਿਆਂ ਦੀ screening ਮੁਕੰਮਲ ਕੀਤੀ ਜਾ ਸਕੇ।

8. ਬੱਚਿਆਂ ਦੀ screening ਸਬੰਧੀ ਸੈਕੰਡਰੀ ਅਤੇ ਪ੍ਰਾਇਮਰੀ ਪੱਧਰ ਤੇ ਤਾਇਨਾਤ ਨੋਡਲ ਅਫਸਰਾਂ (PRASHAST) ਵੱਲੋਂ ਮਿੱਥੇ ਗਏ ਸਮੇਂ ਅਨੁਸਾਰ ਗਤੀਵਿਧੀ ਮੁੰਕਮਲ ਕਰਵਾਈ ਜਾਵੇਗੀ ਅਤੇ ਰਿਕਾਰਡ ਤਿਆਰ ਕੀਤਾ ਜਾਵੇਗਾ।

9. ਆਈ.ਈ.ਡੀ. ਸ਼ਾਖਾ ਅਧੀਨ ਤਾਇਨਾਤ ਡੀ.ਐਸ.ਈ./ ਡੀ.ਐਸ.ਈ.ਟੀ. ਅਤੇ ਸਕੂਲਾਂ ਵਿੱਚ ਤਾਇਨਾਤ ਵਿਸ਼ੇਸ਼ ਅਧਿਆਪਕਾਂ ਵੱਲੋਂ screening ਸਬੰਧੀ ਤਕਨੀਕੀ ਸਹਾਇਤਾ ਉਪਲਬਧ ਕਰਵਾਈ ਜਾਵੇਗੀ।

10. ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

Sd/-
ਏ.ਐਸ.ਪੀ.ਡੀ. (ਆਈ.ਈ.ਡੀ.)
ਸਮੱਗਰ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿਠ ਅੰਕਣ ਨੰ: ਜੀ-1/2026/5010 ਮਿਤੀ: 18/08/26
ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

18/08/26
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ